Edit with WPS Office

# ਜਮਾਤ - 9 ਵੀਂ (ਸਮਾਜਿਕ ਸਿੱਖਿਆ)

# ਪਾਠ- 2(b) = ਪੰਜਾਬ ਧਰਾਤਲੀ ਭੂ- ਆਕ੍ਰਿਤੀਆਂ।


ਤਿਆਰ ਕਰਤਾ- ਕੁਲਦੀਪ ਕੌਰ
(ਸ.ਸ.ਮਿਸਟਰੈੱਸ)
ਸ.ਹ.ਸ. ਮਾਓ ਸਾਹਿਬ, ਜਲੰਧਰ।

## (ਅਭਿਆਸ)

## ੳ -ਨਕਸ਼ਾ ਕਾਰਜ।

1. ਪੰਜਾਬ ਦੇ ਰੇਖਾ ਚਿੱਤਰ ਵਿੱਚ ਅੰਕਿਤ ਕਰੋ-

੧. ਹੁਸ਼ਿਆਰਪੁਰ ਸ਼ਿਵਾਲਿਕ ਅਤੇ ਰੋਪੜ ਸ਼ਿਵਾਲਿਕ ਸ਼੍ਰੇਣੀਆਂ।




੨.ਸਤਲੁਜ ਦਰਿਆ ਦਾ ਬੇਟ ਖੇਤਰ।

## ਅ - ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ।

ਪ੍ਰਸ਼ਨ 1- ਪੁਰਾਣੇ ਜਲੋੜ ਨਾਲ ਨਿਰਮਿਤ ਇਲਾਕੇ ਨੂੰ ਕੀ ਕਿਹਾ ਜਾਂਦਾ ਹੈ?

Edit with WPS Office

ਉੱਤਰ - ਬਾਂਗਰ ਦੇ ਮੈਦਾਨ।

ਪ੍ਰਸ਼ਨ 2-ਖਾਡਰ ਜਾਂ ਬੇਟ ਤੋਂ ਕੀ ਭਾਵ ਹੈ?

ਉੱਤਰ - ਬੇਟ ਜਾਂ ਖਾਡਰ ਦਾ ਖੇਤਰ ਨਦੀਆਂ ਦੇ ਕੰਢਿਆਂ ਦੇ ਨੇੜਲਾ ਇਲਾਕਾ ਹੁੰਦਾ ਹੈ।ਇਹ ਨੀਵੇਂ ਇਲਾਕੇ ਹੁੰਦੇ ਹਨ ।ਇਸ ਲਈ ਹਰ ਸਾਲ ਹੜ੍ਹਾਂ ਦੇ ਪਾਣੀ ਦੁਆਰਾ ਲਿਆਂਦੀ ਮਿੱਟੀ ਨਾਲ ਭਰ ਜਾਂਦੇ ਹਨ।

ਪ੍ਰਸ਼ਨ 3- ਪੰਜਾਬ ਦੇ ਮੈਦਾਨਾਂ ਨੂੰ ਕਿਹੜੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ?

ਉੱਤਰ - ਪੰਜਾਬ ਦੇ ਮੈਦਾਨਾਂ ਨੂੰ 5 ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ-

1. ਚੋਆਂ ਵਾਲੇ ਇਲਾਕੇ
2. ਹੜ੍ਹਾਂ ਦੇ ਮੈਦਾਨ
3. ਨੈਲੀ
4. ਜਲੋੜ ਦੇ ਮੈਦਾਨ
5. ਉੱਚੀ ਭੂਮੀ ਦੇ ਜਲੋੜ ਮੈਦਾਨਾਂ ਵਿਚਲੇ ਰੇਤਲੇ ਟਿੱਬੇ।

ਪ੍ਰਸ਼ਨ 4- ਪੰਜਾਬ ਵਿੱਚ ਰੇਤਲੇ ਟਿੱਬੇ ਕਿਹੜੇ ਪਾਸੇ ਹਨ?

ਉੱਤਰ- ਪੰਜਾਬ ਦੇ ਦੱਖਣ ਪੱਛਮ ਵਿੱਚ ਰਾਜਸਥਾਨ ਨਾਲ ਲੱਗਦੀ ਸਰਹੱਦ ਨੇੜੇ।

ਪ੍ਰਸ਼ਨ 5- ਚੰਗਰ ਕਿਸਨੂੰ ਕਹਿੰਦੇ ਹਨ?

ਉੱਤਰ- ਅਨੰਦਪੁਰ ਸਾਹਿਬ ਨੇੜੇ ਕੰਢੀ ਖੇਤਰ ਨੂੰ।

## ਹੇਠ ਲਿਖੇ ਪ੍ਰਸ਼ਨਾ ਦੇ ਸੰਖੇਪ ਉੱਤਰ ਦਿਓ-

ਪ੍ਰਸ਼ਨ 1- ਕੰਢੀ ਇਲਾਕੇ ਦੀਆਂ ਵਿਸ਼ੇਸ਼ਤਾਵਾਂ ਲਿਖੋ ਅਤੇ ਦੱਸੋ ਇਹ ਕਿਹੜੇ ਜ਼ਿਲ੍ਹਿਆਂ ਵਿੱਚ ਪੈਂਦਾ ਹੈ?

ਉੱਤਰ- ਪੰਜਾਬ ਦੇ ਸ਼ਿਵਾਲਿਕ ਪਹਾੜਾਂ ਦੇ ਪੱਛਮ ਵੱਲ ਅਤੇ ਰੂਪਨਗਰ ਜਿਲੇ ਦੀ ਨੂਰਪੁਰ ਬੇਦੀ ਤਹਿਸੀਲ ਦੇ ਪੂਰਬ ਵੱਲ ਕੱਟੇ ਵੱਢੇ ਲਹਿਰੀਏ ਦਾਰ ਮੈਦਾਨ ਮਿਲਦੇ ਹਨ।ਇਹਨਾਂ ਨੂੰ ਸਥਾਨਕ ਭਾਸ਼ਾ ਵਿੱਚ ਕੰਢੀ ਦਾ ਇਲਾਕਾ ਕਹਿੰਦੇ ਹਨ। ਇਹ ਖੇਤਰ ਪੰਜਾਬ ਦੇ 5 ਜ਼ਿਲ੍ਹਿਆਂ ਦੇ 22 ਬਲਾਕਾਂ ਵਿੱਚ 5 ਲੱਖ ਹੈਕਟੇਅਰ ਵਿੱਚ ਫੈਲਿਆ ਹੋਇਆ ਹੈ।

ਵਿਸ਼ੇਸ਼ਤਾਵਾਂ-

1. ਇਸ ਖੇਤਰ ਦੀਆਂ ਮਿੱਟੀਆਂ ਮੁਸਾਮਦਾਰ ਹਨ।
2. ਇਹ ਪੂਰਾ ਖੇਤਰ ਚੋਆਂ ਨਾਲ ਭਰਿਆ ਹੋਇਆ ਹੈ।
3. ਸ਼ਿਵਾਲਿਕ ਦੇ ਨਾਲ ਨਾਲ਼ ਸੌੜੀ ਪੱਟੀ ਦੇ ਰੂਪ ਵਿੱਚ 300 ਮੀਟਰ ਤੋਂ 400 ਮੀਟਰ ਦੀਆਂ ਰੇਖਾਵਾਂ ਦੀ ਉਚਾਈ ਵਿੱਚ ਫੈਲਿਆ ਹੋਇਆ ਹੈ।
4. ਇਸਦੇ ਹਰ ਇੱਕ ਕਿਲੋਮੀਟਰ ਤੇ ਇੱਕ ਚੋਅ ਮਿਲਦਾ ਹੈ।
5. ਇਸ ਖੇਤਰ ਵਿੱਚ ਧਰਤੀ ਹੇਠਲਾ ਪਾਣੀ ਕਾਫੀ ਨੀਵਾਂ ਹੈ।

ਪ੍ਰਸ਼ਨ 2- ਮੌਸਮੀ ਚੋਅ ਕੀ ਹੁੰਦੇ ਹਨ? ਉਦਾਹਰਨਾਂ ਦੇ ਕੇ ਸਪਸ਼ਟ ਕਰੋ।

Edit with WPS Office

ਉੱਤਰ - ਚੋਅ ਇੱਕ ਪ੍ਰਕਾਰ ਦੇ ਨਾਲ਼ੇ ਹੁੰਦੇ ਹਨ। ਵਰਖਾ ਦੇ ਮੌਸਮ ਵਿੱਚ ਇਹ ਪਾਣੀ ਨਾਲ ਭਰ ਜਾਂਦੇ ਹਨ।ਖੁਸ਼ਕ ਮੌਸਮ ਵਿੱਚ ਇਹਨਾਂ ਦਾ ਪਾਣੀ ਸੁੱਕ ਜਾਂਦਾ ਹੈ। ਅਜਿਹੇ ਨਾਲਿਆਂ ਨੂੰ ਮੌਸਮੀ ਚੋਅ ਕਹਿੰਦੇ ਹਨ।

ਉਦਾਹਰਣ- ਅਜਿਹੇ ਨਾਲ਼ੇ ਰੂਪਨਗਰ (ਰੋਪੜ) ਦੇ ਖੇਤਰ ਵਿੱਚ ਬਹੁਤ ਮਿਲਦੇ ਹਨ। ਇਹਨਾਂ ਨੂੰ ਰੌਅ ਅਤੇ ਘਾੜ ਵੀ ਕਹਿੰਦੇ ਹਨ।

ਪ੍ਰਸ਼ਨ 3- ਪੰਜਾਬ ਦੇ ਜਲੌੜੀ ਮੈਦਾਨਾਂ ਦੀ ਉਤਪਤੀ ਤੇ ਨੋਟ ਲਿਖੋ।

ਉੱਤਰ- ਪੰਜਾਬ ਦਾ 70 ਪ੍ਰਤੀਸ਼ਤ ਭੂ-ਭਾਗ ਪੱਧਰੇ ਜਲੌੜੀ ਮੈਦਾਨ ਹਨ।ਇਹ ਤਿੰਨ ਪ੍ਰਮੁੱਖ ਭੂਗੋਲਿਕ ਇਕਾਈਆਂ ਵਿੱਚ ਵੰਡੇ ਹੋਏ ਹਨ।ਪੰਜਾਬ ਦੇ ਮੈਦਾਨ , ਗੰਗਾ ਅਤੇ ਸਿੰਧ ਦੇ ਮੈਦਾਨਾਂ ਦਾ ਹਿੱਸਾ ਹਨ।ਇਹ ਮੈਦਾਨ ਸਿੰਧ ਅਤੇ ਉਸਦੀਆਂ ਸਹਾਇਕ ਨਦੀਆਂ ਰਾਵੀ, ਬਿਆਸ, ਸਤਲੁਜ ਅਤੇ ਇਹਨਾਂ ਦੀਆਂ ਸਹਾਇਕ ਨਦੀਆਂ ਦੁਆਰਾ ਹਿਮਾਲਿਆ ਤੋਂ ਖੋਰ ਕੇ ਲਿਆਂਦੀ ਮਿੱਟੀ ਦੇ ਜਮਾਂ ਹੋਣ ਨਾਲ ਬਣੇ ਹਨ। ਇਹਨਾਂ ਦੀ ਸਮੁੰਦਰ ਤਲ ਤੋਂ ਔਸਤ ਉਚਾਈ 2000 ਤੋਂ 3000 ਮੀਟਰ ਤੱਕ ਹੈ। ਇਹਨਾਂ ਦੀ ਢਲਾਣ ਪੂਰਬ ਤੋਂ ਪੱਛਮ ਵੱਲ ਹੈ।

ਪ੍ਰਸ਼ਨ 4- ਗੁਰਦਾਸਪੁਰ - ਪਠਾਨਕੋਟ ਸ਼ਿਵਾਲਿਕ ਤੇ ਨੋਟ ਲਿਖੋ।

ਉੱਤਰ - ਇਹ ਪਹਾੜੀ ਲੜੀ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਫੈਲੀ ਹੋਈ ਹੈ। ਪਠਾਨਕੋਟ ਜਿਲ੍ਹੇ ਦਾ ਧਾਰ ਕਲਾਂ ਬਲਾਕ ਪੂਰੀ ਤਰਾਂ ਸ਼ਿਵਾਲਿਕ ਦੇ ਪੈਰਾਂ ਵਿੱਚ ਪੈਂਦਾ ਹੈ।ਇਹਨਾਂ ਪਹਾੜਾਂ ਦੀ ਔਸਤ ਉਚਾਈ 1000 ਮੀਟਰ ਦੇ ਲਗਭਗ ਹੈ। ਇਸ ਖੇਤਰ ਦੀਆਂ ਪਹਾੜੀ ਢਲਾਣਾ ਪਾਣੀ ਦੇ ਤੇਜ਼ ਕਟਾਅ ਕਾਰਣ ਡੂੰਘੀਆਂ ਖੱਡਾਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਇਸ ਖੇਤਰ ਵਿੱਚ ਵਗਣ ਵਾਲੇ ਮੌਸਮੀ ਦਰਿਆ ਚੱਕੀ ਖੱਡ ਅਤੇ ਉਸਦੀਆਂ ਸਹਾਇਕ ਨਦੀਆਂ ਬਿਆਸ ਦਰਿਆ ਵਿੱਚ ਡਿੱਗਦੇ ਹਨ।

ਧੰਨਵਾਦ ਸਹਿਤ।

Prepared by- kuldip kaur (s.s. mistress, GHS Mao sahib, jalandhar)